**SET-3**

**Series *SGN***

ਕੋਡ ਨੰ. ***226/3***

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **24** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **24** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਅਰਥਸ਼ਾਸਤ੍ਰ

## (ਪੰਜਾਬੀ ਉਲਥਾ)

# ECONOMICS

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

***ਵਿਆਪਕ ਨਿਰਦੇਸ਼:***

*(i)* *ਦੋਹਾਂ ਖੰਡਾਂ ਦੇ* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿਤੇ ਗਏ ਹਨ ।*

*(iii)* *ਪ੍ਰਸ਼ਨ ਸੰਖਿਆ* ***1 – 4*** *ਅਤੇ* ***13 – 16*** *ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦਾ* ***1*** *ਅੰਕ ਹੈ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ ਕੇਵਲ* ***ਇੱਕ ਵਾਕ*** *ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ* ***5 – 6*** *ਅਤੇ* ***17 – 18*** *ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***3*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***60*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***7 – 9*** *ਅਤੇ* ***19 – 21*** *ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***70*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ* ***10 – 12*** *ਅਤੇ* ***22 – 24*** *ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vii)* *ਉੱਤਰ ਸੰਖੇਪ ਅਤੇ ਢੁਕਵੇ ਹੋਣੇ ਚਾਹੀਦੇ ਹਨ ਅਤੇ ਕੋਸਿਸ਼ ਕਰੋ ਕਿ ਦਿੱਤੀ ਹੋਈ ਸੀਮਾ ਵਿੱਚ ਹੀ ਦਿੱਤੇ ਜਾਣ ।*

## ਖੰਡ ਅ

**1.** ਜਦੋਂ ਸੀਮਾਂਤ ਉਤਪਾਦ ਵਧਦੀ ਹੈ, ਕੁਲ ਉਤਪਾਦ

(ਸਹੀ ਵਿਕਲਪ ਚੁਣੋ) *1*

(a) ਡਿਗਦਾ ਹੈ

(b) ਵਧਦਾ ਹੈ

(c) ਡਿਗ ਸਕਦਾ ਹੈ ਅਤੇ ਵਧ ਵੀ ਸਕਦਾ ਹੈ

(d) ਸਥਿਰ ਰਹਿੰਦਾ ਹੈ

**2.** ਅਲਪਤਾ (ਥੁੜ) ਤੋਂ ਤੁਸੀਂ ਕੀ ਸਮਝਦੇ ਹੋ ? *1*

**3.** ਲਾਗਤ ਦੀ ਪਰਿਭਾਸ਼ਾ ਲਿੱਖੋ । *1*

**4.** ਜਦੋਂ ਔਸਤ ਲਾਗਤ ਡਿਗਦੀ ਹੈ ਤਾਂ ਸੀਮਾਂਤ ਲਾਗਤ
(ਸਹੀ ਵਿਕਲਪ ਚੁਣੋ) *1*

(a) ਡਿਗਦੀ ਹੈ

(b) ਵਧਦੀ ਹੈ

(c) ਡਿਗ ਵੀ ਸਕਦੀ ਹੈ ਅਤੇ ਵਧ ਵੀ ਸਕਦੀ ਹੈ

(d) ਨ ਡਿਗਦੀ ਹੈ ਅਤੇ ਨ ਹੀ ਵਧਦੀ ਹੈ

**5.** ਵਸਤੂ ਦੀ ਆਪਣੀ ਕੀਮਤ ਛੱਡ ਕੇ ਇਕ ਵਿਅਕਤੀ ਦੀ ਮੰਗ ਦੇ ਕੋਈ ਤਿੰਨ ਨਿਰਧਾਰਕ ਦੱਸੋ । *3*

**6.** ਵਯਸ਼ਟੀ ਅਰਥਸ਼ਾਸਤ੍ਰ ਅਤੇ ਸਮਸ਼ਟੀ ਅਰਥਸ਼ਾਸਤ੍ਰ ਦੇ ਦਰਮਿਆਨ ਅੰਤਰ ਸਪਸ਼ਟ ਕਰੋ । ਹਰ ਇਕ ਦਾ ਇਕ ਇਕ ਉਦਾਹਰਣ ਦਿਓ । *3*

**ਜਾਂ**

ਉਤਪਾਦਨ ਸੰਭਾਵਨਾ ਵਕਰ ਕੀ ਦਰਸਾਂਦਾ ਹੈ ? ਕੀ ਇਹ ਖਿਸਕ ਸਕਦਾ ਹੈ ? ਕਦੋਂ ?

**7.** 'ਘਟੋ ਘਟ ਕੀਮਤ ਸੀਮਾ ਨਿਰਧਾਰਣ' ਤੋਂ ਕੀ ਭਾਵ ਹੈ ? ਇਸਦੇ ਪ੍ਰਭਾਵ ਸਮਝਾਓ । *4*

**8.** ਜੇਕਰ ਕਿਸੇ ਇਕ ਵਸਤੂ ਦੇ ਮੁਲ ਵਿਚ 10% ਵਾਧਾ ਹੋਣ ਤੇ ਵੀ ਵਸਤੂ ਦੀ ਮੰਗ ਵਿਚ ਕੋਈ ਪਰਿਵਰਤਨ ਨਹੀਂ ਆਂਦਾ ਹੈ, ਅਜਿਹਿ ਸਥਿਤੀ ਵਿਚ ਮੰਗ ਵਕਰ ਦੇ ਪ੍ਰਾਰੂਪ ਤੇ ਟਿਪੱਣੀ ਕਰੋ । *4*

9. ਸੰਪ੍ਰਾਪਤੀ (ਆਗਮ) ਦੇ ਵਯਸ਼ਟੀ ਅਰਥਸ਼ਾਸਤ੍ਰ ਵਿਚ ਕੀ ਅਰਥ ਹਨ ? ਪੂਰਨ ਪ੍ਰਤਿਯੋਗਤਾ ਵਿਚ ਸੀਮਾਂਤ ਸੰਪ੍ਰਾਪਤੀ ਅਤੇ ਔਸਤ ਸੰਪ੍ਰਾਪਤੀ ਦੇ ਦਰਮਿਆਨ ਵਿਆਪਕ ਸੰਬੰਧ ਦੱਸੋ । ਢੁਕਵੇਂ ਰੇਖਾ ਚਿੱਤਰ ਅਤੇ ਤਾਲਿਕਾ ਦਾ ਪ੍ਰਯੋਗ ਕਰੋ । *4*

**ਜਾਂ**

ਆਪੂਰਤੀ (supply) ਦੀ ਪਰਿਭਾਸ਼ਾ ਲਿੱਖੋ । ''ਪੂਰਤੀ ਵਿਚ ਵਾਧਾ'' ਅਤੇ ''ਪੂਰਤੀ ਵਿਚ ਵਿਸਤਾਰ'' ਵਿਚ ਅੰਤਰ ਲਿਖੋ ।

10. ਕੁਲ ਉਤਪਾਦ ਵਕਰ ਦੀ ਸਹਾਇਤਾ ਨਾਲ ਪਰਿਵਰਤੀ ਅਨੁਪਾਤਾਂ ਦਾ ਨਿਯਮ ਸਮਝਾਓ । ਰੇਖਾ ਚਿੱਤਰ ਦਾ ਪ੍ਰਯੋਗ ਕਰੋ । *6*

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 10 ਦੇ ਥਾਂ ਬਦਲਵਾਂ ਪ੍ਰਸ਼ਨ ਹੈ ।*

ਕੁਲ ਉਤਪਾਦ ਸਾਰਣੀ ਦੀ ਸਹਾਇਤਾ ਦੇ ਨਾਲ ਪਰਿਵਰਤੀ ਅਨੁਪਾਤਾਂ ਦਾ ਨਿਯਮ ਸਮਝਾਓ । *6*

11. ਪੂਰਨ ਪ੍ਰਤਿਯੋਗਤਾ ਦੀਆਂ ਚਾਰ ਵਿਸ਼ੇਸ਼ਤਾਵਾਂ ਦਸੋ ਅਤੇ ਚਰਚਾ ਕਰੋ । *6*

12. ਇਕ ਉਪਭੋਗਤਾ ਸਿਰਫ ਦੋ ਵਸਤੂਆਂ X ਅਤੇ Y ਦਾ ਉਪਭੋਗ ਕਰਦਾ ਹੈ । ਉਪਯੋਗਿਤਾ ਵਿਸ਼ਲੇਸ਼ਣ ਰਾਹੀਂ ਉਪਭੋਗਤਾ ਦੇ ਸੰਤੁਲਨ ਦੀਆ ਸਰਤਾਂ ਸਮਝਾਓ । *6*

**ਜਾਂ**

ਅਨਧਿਮਾਨ ਵਕਰ ਦੀਆਂ ਤਿੰਨ ਵਿਸ਼ੇਸ਼ਤਾਵਾਂ ਦਸੋ ਅਤੇ ਸਮਝਾਓ ।

## ਖੰਡ ਬ

**13.** ਜੇਕਰ ਔਸਤ ਉਪਭੋਗ ਪਰਿਵਰਤੀ ਦਾ ਮੂਲ 0·75 ਹੈ, ਤਾਂ ਔਸਤ ਬਚਤ ਪਰਿਵਰਤੀ ਦਾ ਮੂਲ __________ ਹੋਵੇਗਾ । *1*

**14.** ਹੇਠ ਲਿਖਿਆਂ ਵਿਚੋਂ ਕਿਹੜਾ ਕੇਂਦਰੀ ਬੈਂਕ ਦਾ ਕੰਮ ***ਨਹੀਂ*** ਹੈ ?

(ਸਹੀ ਵਿਕਲਪ ਚੁਣੋ) *1*

(a) ਸਰਕਾਰ ਨੂੰ ਬੈਂਕਿੰਗ ਸਹੂਲਤਾਂ

(b) ਲੋਕਾਂ ਨੂੰ ਬੈਂਕਿੰਗ ਸਹੂਲਤਾਂ

(c) ਸਰਕਾਰ ਨੂੰ ਉਧਾਰ ਦੇਣਾ

(d) ਵਪਾਰਕ ਬੈਂਕਾਂ ਨੂੰ ਉਧਾਰ ਦੇਣਾ

**15.** ਜੇਕਰ 'ਵਿਧੀਮੂਲਕ ਆਰਕਸ਼ਿਤ ਨਿਧੀ ਅਨੁਪਾਤ' 20% ਹੋਵੇ ਤਾਂ ਮੁਦਰਾ ਗੁਣਕ ਦਾ ਮਾਨ ਕੀ ਹੋਵੇਗਾ ? *1*

**16.** ਅਸਲ (ਵਾਸਤਵਿਕ) ਰਾਸ਼ਟਰੀ ਆਮਦਨ ਵਿਚ ਵਾਧੇ ਦੇ ਨਾਲ ਲੋਕਾਂ ਦੇ ਕਲਿਆਣ

(ਸਹੀ ਵਿਕਲਪ ਚੁਣੋ) *1*

(a) ਵਿਚ ਵਾਧਾ ਹੁੰਦਾ ਹੈ

(b) ਵਿਚ ਕਮੀ ਆਂਦੀ ਹੈ

(c) ਵਿਚ ਕੋਈ ਬਦਲਾਵ ਨਹੀਂ ਆਂਦਾ

(d) ਉਪਰਲਿਆਂ ਵਿਚੋਂ ਕੋਈ ਨਹੀਂ

**17.** ਜੇਕਰ ਕਿਸੇ ਕਾਲਪਨਿਕ ਅਰਧਵਿਵਸਥਾ ਦਾ ਉਪਭੋਗ ਫਲਨ ਹੈ *3*

$C = 100 + 0{\cdot}6\ Y$ ; ਤਾਂ

(i) ਉਸ ਅਰਥਵਿਵਸਥਾ ਤੋਂ ਸੀਮਾਂਤ ਉਪਭੋਗ ਪਰਿਵਰਤੀ ਅਤੇ ਸੀਮਾਂਤ ਬਚਤ ਪਰਿਵਰਤੀ ਦੇ ਮਾਨ ਕੀ ਹੋਣ ?

(ii) ਤਦਨੁਸਾਰ ਬਚਤ ਫਲਨ ਲਿਖੋ ।

**18.** ਹੇਠ ਲਿਖੀਆਂ ਵਿਚੋਂ ਕਿਹੜੀ ਪੂੰਜੀਗਤ ਵਸਤੂ ਹੈ ਅਤੇ ਕਿਹੜੀ ਉਪਭੋਗ ਵਸਤੂ ਅਤੇ ਕਿਉਂ ? *3*

(a) ਟੈਕਸੀ ਦੇ ਰੂਪ ਵਿਚ ਵਰਤੋਂ ਕੀਤੀ ਜਾ ਰਹੀ ਕਾਰ

(b) ਹੋਟਲ ਵਿਚ ਰੇਫਰੀਜਿਰੇਟਰ

(c) ਘਰ ਵਿਚ ਏਯਰ–ਕੰਡੀਸ਼ਨਰ

**ਜਾਂ**

ਮਧਵਰਤੀ ਉਪਭੋਗ ਦੀ ਪਰਿਭਾਸ਼ਾ ਦਿਓ ਅਤੇ ਇਕ ਉਦਾਹਰਣ ਦੀ ਸਹਾਇਤਾ ਨਾਲ ਸਮਝਾਓ । ਇਹ ਅੰਤਿਮ ਉਪਭੋਗ ਤੋਂ ਕਿਵੇਂ ਵਖਰੀ ਹੈ ?

**19.** ਨਿਵੇਸ਼ ਗੁਣਕ ਤੋਂ ਕੀ ਭਾਵ ਹੈ ? ਇਕ ਉਚਿਤ ਸੰਖਿਆਤਮਕ ਉਦਾਹਰਣ ਰਾਹੀਂ ਇਸ ਦੀ ਪਰਕਿਰਿਆ ਸਮਝਾਓ । *4*

**20.** ਕੇਂਦਰੀ ਬੈਂਕ ਰਾਹੀਂ ਸਾਖ (ਕਰੇਡਿਟ) ਕੰਟਰੋਲ ਦੇ ਲਈ ਅਪਣਾਏ ਜਾਣ ਵਾਲੇ ਕਿਸੇ ਦੋ ਉਪਾਵਾਂ ਦੇ ਅਰਥ ਲਿੱਖੋ । *4*

**ਜਾਂ**

ਕੇਂਦਰੀ ਬੈਂਕ ਦਾ 'ਜਾਰੀ ਕਰਤਾ ਬੈਂਕ' ਕੰਮ ਸਮਝਾਓ ।

**21.** ਬਚਤ ਅਤੇ ਨਿਵੇਸ਼ ਉਪਾਗਮ ਰਾਹੀਂ ਅਰਥਵਿਵਸਥਾ ਵਿਚ ਰਾਸ਼ਟਰੀ ਆਮਦਨ ਨਿਰਧਾਰਨ ਸਮਝਾਓ । ਰੇਖਾ ਚਿੱਤਰ ਦੀ ਵਰਤੋਂ ਕਰੋ । *4*

**ਨੋਟ:** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 21 ਦੇ ਥਾਂ ਬਦਲਵਾਂ ਪ੍ਰਸ਼ਨ ਹੈ ।*

ਬਚਤ ਅਤੇ ਨਿਵੇਸ਼ ਉਪਾਗਮ ਦੁਆਰਾ ਅਰਥਵਿਵਸਥਾ ਵਿਚ ਰਾਸ਼ਟਰੀ ਆਮਦਨ ਨਿਰਧਾਰਣ ਇਕ ਉਚਿਤ ਤਾਲਿਕਾ ਦੁਆਰਾ ਸਮਝਾਓ । *4*

**22.** ਸਥਿਰ ਵਿਨਿਮੇ ਦਰ ਦੀ ਪਰਿਭਾਸ਼ਾ ਦਿਓ । ਇਕ ਲੋਚਸ਼ੀਲ ਵਿਨਿਮੇ ਦਰ ਪ੍ਰਣਾਲੀ ਵਿਚ ਵਿਨਿਮੇ ਦਰ ਕਿਵੇਂ ਨਿਰਧਾਰਤ ਹੁੰਦੀ ਹੈ ? *2,4*

**23.** ਹੇਠ ਲਿਖਿਆਂ ਵਿਚ ਅੰਤਰ ਸਪਸ਼ਟ ਕਰੋ : *6*

(a) ਸਰਕਾਰੀ ਬਜਟ ਵਿਚ ਰਾਜਸਵ (ਸਰਕਾਰੀ ਆਮਦਨ) ਖਰਚ ਅਤੇ ਪੂੰਜੀਗਤ ਖਰਚ

(b) ਮੁਢਲਾ ਘਾਟਾ ਅਤੇ ਰਾਜਕੋਸ਼ੀ (ਸਰਕਾਰੀ ਖਜਾਨੇ ਦਾ) ਘਾਟਾ

**ਜਾਂ**

ਸਰਕਾਰੀ ਬਜਟ ਵਿਚ ਰਾਜਸਵ (ਸਰਕਾਰੀ ਆਮਦਨ) ਪ੍ਰਾਪਤੀਆਂ ਅਤੇ ਪੂੰਜੀਗਤ ਪ੍ਰਾਪਤੀਆਂ ਦੇ ਦਰਮਿਆਨ ਅੰਤਰ ਸਪਸ਼ਟ ਕਰੋ । ਇਨ੍ਹਾਂ ਦੇ ਘਟਕ ਦਸੋ ।

**24.** (a) ਬਜਾਰ ਕੀਮਤ ਉਪਰ ਸਕਲ ਘਰੇਲੂ ਉਤਪਾਦ, ਅਤੇ (b) ਰਾਸ਼ਟਰੀ ਆਮਦਨ ਦੀ ਗਣਨਾ ਕਰੋ : *3,3*

*(₹ ਕਰੋੜਾਂ ਵਿਚ)*

| | | |
|---|---|---|
| (i) | ਸਰਕਾਰੀ ਅੰਤਿਮ ਉਪਭੋਗ ਖਰਚ | 4,000 |
| (ii) | ਨਿਜੀ ਅੰਤਿਮ ਉਪਭੋਗ ਖਰਚ | 3,500 |
| (iii) | ਸਕਲ ਘਰੇਲੂ ਪੂੰਜੀ ਨਿਰਮਾਣ | 1,100 |
| (iv) | ਨਿਵਲ ਨਿਰਯਾਤ | 500 |
| (v) | ਵਿਦੇਸ਼ਾਂ ਨੂੰ ਨਿਵਲ ਕਾਰਕ ਆਮਦਨ | 100 |
| (vi) | ਨਿਵਲ ਅਪਰਤੱਖ ਕਰ | 300 |
| (vii) | ਆਰਥਿਕ ਸਹਾਇਤਾ | 40 |
| (viii) | ਸਟਾਕ ਵਿਚ ਪਰਿਵਰਤਨ | 80 |
| (ix) | ਅਚਲ ਪੂੰਜੀ ਦਾ ਉਪਭੋਗ | 120 |